ਅਤਿ ਜ਼ਰੂਰੀ

ਮਿਤੀ: 15/05/24
15/05/2024

**ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ) ਚੰਡੀਗੜ੍ਹ।**

**(ਨ.ਗ.ਅ.-2 ਸ਼ਾਖਾ)**

**ਈ.ਮੇਲ (Nge2branch@gmall.com)**

ਵੱਲੋਂ,

ਮੁੱਖ ਇੰਜੀਨੀਅਰ/ਹੈੱਡਕੁਆਟਰ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ ।

ਵੱਲ,

ਸਮੂਹ ਨਿਗਰਾਨ ਇੰਜੀਨੀਅਰ,
ਸਮੂਹ ਕਾਰਜਕਾਰੀ ਇੰਜੀਨੀਅਰ,
ਜਲ ਸਰੋਤ ਵਿਭਾਗ, ਪੰਜਾਬ ।

ਵਿਸ਼ਾ: ਦਫਤਰੀ ਕੰਮ ਵਿੱਚ ਆ ਰਹੀਆਂ ਔਕੜਾ ਸਬੰਧੀ ਰੀਵਿਊ ਮੀਟਿੰਗ ਮਿਤੀ 21/05/2024 ਸਮਾਂ ਸਵੇਰੇ 11:00 ਵਜੇ VC ਅਟੈਂਡ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਪ੍ਰਮੁੱਖ ਸਕੱਤਰ, ਜਲ ਸਰੋਤ ਜੀ ਵੱਲੋਂ ਹੇਠ ਲਿੱਖੇ ਮੁੱਦਿਆਂ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਨਿਰਦੇਸ਼ ਦਿੱਤੇ ਹਨ ਕਿ ਜਲ ਸਰੋਤ ਵਿਭਾਗ ਦੇ ਖੇਤਰੀ ਦਫਤਰਾਂ ਨਾਲ ਵੀਡਿਉ ਕਾੱਨਫਰੈਂਸਿੰਗ ਰਾਹੀਂ ਤਾਲਮੇਲ ਕਰਕੇ ਫੀਲਡ ਦਫਤਰਾਂ ਵਿੱਚ ਆ ਰਹੀਆਂ ਸਮਸਿਆਵਾਂ ਦਾ ਹੱਲ ਕੀਤਾ ਜਾ ਸਕੇ।

ਇਸ ਸਬੰਧੀ ਸਮੂਹ ਸਰਕਲ/ਮੰਡਲ ਦਫਤਰਾਂ ਦੇ ਸੁਪਰਡੰਟਾਂ ਨੂੰ ਦੱਸਿਆ ਜਾਂਦਾ ਹੈ ਕਿ ਮਿਤੀ 21/05/2024 ਸਮਾਂ ਸਵੇਰੇ 11:00 ਵਜੇ VC ਅਟੈਂਡ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋਂ ਫੀਲਡ ਦਫਤਰਾਂ ਵਿੱਚ ਆ ਰਹੀਆਂ ਸਮਸਿਆਵਾਂ/ਔਕੜਾ ਦਾ ਨਿਪਟਾਰਾ ਕੀਤਾ ਜਾ ਸਕੇ ਅਤੇ ਇਸ ਸਬੰਧੀ ਸਰਟੀਫਿਕੇਟ ਇੱਕ ਹਫਤੇ ਦੇ ਅੰਦਰ-ਅੰਦਰ ਨ.ਗ.ਅ-2 ਸ਼ਾਖਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਕਿ ਹੇਠ ਲਿਖੇ ਕੰਮ ਸੂਚਾਰੂ ਢੰਗ ਨਾਲ ਚੱਲ ਰਹੇ ਹਨ:-

1. ਪੈਨਸ਼ਨ ਕੇਸ ਪੈਂਡਿੰਗ ਨਾ ਹੋਵੇ।
2. ਦਫਤਰਾਂ ਵਿੱਚ ਫਰਨੀਚਰ/ਇੰਨਫਰਾਸਟਰਕਚਰ ਸਬੰਧੀ।
3. ਕੰਪਿਊਟਰ/ਪ੍ਰਿੰਟਰ ਦੀ ਘਾਟ ਸਬੰਧੀ।
4. ਤਰਸ ਦੇ ਆਧਾਰ ਤੇ ਨੌਕਰੀ ਦਾ ਕੇਸ ਪੈਡਿੰਗ ਨਾ ਹੋਵੇ।
5. ਕੋਰਟ ਕੇਸ ਸਮੇਂ ਸਿਰ ਨੇਪਰੇ ਚਾੜ੍ਹਨ ਸਬੰਧੀ।
6. ਦਰਜਾ-4 ਦਾ ਕੋਈ ਵੀ ਕਰਮਚਾਰੀ ਜਿਸ ਦੀ ਤਨਖਾਹ ਸਬੰਧਤ ਡੀ.ਡੀ.ਉ. ਤੋਂ ਡਰਾਅ ਹੁੰਦੀ ਹੋਵੇ ਉਹ ਕਿਸੇ ਅਫਸਰ ਜਾਂ ਕਿਸੇ ਵਿਸ਼ੇਸ਼ ਦੇ ਘਰ ਕੰਮ ਨਾ ਕਰਦਾ ਹੋਵੇ।
7. ਮੁੜ ਬਣਤਰ ਉਪਰੰਤ ਕਿਸੇ ਦਫ਼ਤਰ ਦਾ ਸਟਾਫ਼ ਅਡਜਸਟ ਹੋਣ ਤੋਂ ਰਹਿੰਦਾ ਹੋਵੇ।
8. ਦਫ਼ਤਰ ਵਿੱਚ ਸਟਾਫ ਦੀ ਘਾਟ ਬਾਰੇ।
9. ਸੇਵਾ ਪੱਤਰੀ ਮੇਨਟੇਨ ਕਰਨ ਸਬੰਧੀ।

ਇਸ ਤੋਂ ਇਲਾਵਾ ਦਫਤਰ ਅਧੀਨ ਕੋਈ ਹੋਰ ਔਕੜ ਆਪ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਮੀਟਿੰਗ ਦੌਰਾਨ ਕਰ ਲਈ ਜਾਵੇ।

ਸੁਪਰਡੰਟ/ਨ.ਗ.ਅ.-2
ਵਾ: ਮੁੱਖ ਇੰਜੀਨੀਅਰ, ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।